AUSTRALIAN COMMISSION ON SAFETY AND QUALITY IN HEALTH CARE

Australian Government
Department of Health and Aged Care

PaRIS Health Survey

Putting patients first

# ਜਾਣਕਾਰੀ ਪੱਤਰ: PaRIS ਸਰਵੇਖਣ

ਇਹ ਪੱਤਰ ਮਰੀਜ਼ਾਂ ਲਈ ਮਰੀਜ਼-ਰਿਪੋਰਟ ਕੀਤੇ ਸੂਚਕ ਸਰਵੇਖਣ (PaRIS) ਦੇ ਸਰਵੇਖਣ ਅਤੇ ਕਿਵੇਂ ਭਾਗ ਲੈਣਾ ਹੈ ਇਸ ਬਾਰੇ ਆਮ ਜਾਣਕਾਰੀ ਪ੍ਰਦਾਨ ਕਰਦਾ ਹੈ।

ਅਕਸਰ ਪੁੱਛੇ ਜਾਂਦੇ ਸਵਾਲਾਂ ਦੀ ਸੂਚੀ **orima.com.au/PaRIS_Survey/FAQs** ਤੇ ਵੀ ਉਪਲਬਧ ਹੈ।

ਜੇਕਰ ਤੁਹਾਡੇ ਕੋਈ ਸਵਾਲ ਹਨ ਜਿਨ੍ਹਾਂ ਦਾ ਜਵਾਬ ਹੇਠਾਂ ਨਹੀਂ ਦਿੱਤਾ ਗਿਆ ਹੈ, ਤਾਂ ਕਿਰਪਾ ਕਰਕੇ ORIMA ਰਿਸਰਚ ਨਾਲ ਕਾਲ ਕਰਕੇ ਸੰਪਰਕ ਕਰੋ: ਜਾਂ 1800 806 950 ਤੇ ਈਮੇਲ ਕਰੋ: PaRISSurvey@orima.comਤੇ

## ਇਸ ਸਰਵੇਖਣ ਦਾ ਕੀ ਮਕਸਦ ਹੈ?

PaRIS ਸਰਵੇਖਣ ਦਾ ਉਦੇਸ਼ ਆਸਟ੍ਰੇਲੀਆ ਅਤੇ ਦੁਨੀਆ ਭਰ ਵਿੱਚ ਸਿਹਤ ਸੰਭਾਲ ਪ੍ਰਣਾਲੀਆਂ ਨੂੰ ਬਿਹਤਰ ਬਣਾਉਣ ਲਈ ਮਰੀਜ਼ਾਂ ਦੇ ਤਜ਼ਰਬਿਆਂ ਦੀ ਵਰਤੋਂ ਕਰਨਾ ਹੈ।

ਲਗਭਗ 20 ਦੇਸ਼ਾਂ ਦੇ ਜੀਪੀ ਅਤੇ ਮਰੀਜ਼ਾਂ ਨੂੰ ਭਾਗ ਲੈਣ ਲਈ ਸੱਦਾ ਦਿੱਤਾ ਜਾਵੇਗਾ। ਇਹ ਵੱਖ-ਵੱਖ ਸਿਹਤ ਸੰਭਾਲ ਪ੍ਰਣਾਲੀਆਂ ਦੀ ਤੁਲਨਾ ਕਰਨ ਅਤੇ ਉਹਨਾਂ ਬਾਰੇ ਸਿੱਖਣ ਦਾ ਮੌਕਾ ਪ੍ਰਦਾਨ ਕਰੇਗਾ।

ਇਹ ਸਰਵੇਖਣ ਸਥਾਨਕ ਸਿਹਤ ਸੰਭਾਲ ਪ੍ਰਦਾਤਾਵਾਂ ਨੂੰ ਤੁਹਾਡੇ ਅਤੇ ਹੋਰ ਮਰੀਜ਼ਾਂ ਦੁਆਰਾ ਪ੍ਰਦਾਨ ਕੀਤੇ ਗਏ ਫੀਡਬੈਕ ਦੇ ਆਧਾਰ ਤੇ ਆਪਣੀ ਦੇਖਭਾਲ ਨੂੰ ਬਿਹਤਰ ਬਣਾਉਣ ਵਿੱਚ ਮਦਦ ਕਰੇਗਾ। ਆਪਣੇ ਤਜ਼ਰਬਿਆਂ ਨੂੰ ਸਾਂਝਾ ਕਰਕੇ, ਤੁਸੀਂ ਸਿਹਤ ਸੰਭਾਲ ਸੇਵਾਵਾਂ ਨੂੰ ਬਿਹਤਰ ਬਣਾ ਸਕਦੇ ਹੋ ਜੋ ਤੁਹਾਨੂੰ, ਤੁਹਾਡੇ ਪਰਿਵਾਰ ਅਤੇ ਤੁਹਾਡੇ ਭਾਈਚਾਰੇ ਨੂੰ ਮਿਲਦੀਆਂ ਹਨ।

ਹੋਰ ਜਾਣਕਾਰੀ ਲਈ ਇੱਥੇ ਜਾਓ:www.oecd.org/health/paris

AUSTRALIAN COMMISSION ON SAFETY AND QUALITY IN HEALTH CARE

Australian Government
Department of Health and Aged Care

# PaRIS Health Survey

## ਇਹ ਸਰਵੇਖਣ ਕੌਣ ਕਰ ਰਿਹਾ ਹੈ?

ਇਹ ਸਰਵੇਖਣ ਆਸਟ੍ਰੇਲੀਅਨ ਕਮਿਸ਼ਨ ਆਨ ਸੇਫਟੀ ਐਂਡ ਕੁਆਲਿਟੀ ਇਨ ਹੈਲਥ ਕੇਅਰ (ਕਮਿਸ਼ਨ) ਅਤੇ ORIMA ਰਿਸਰਚ (ORIMA) ਦੁਆਰਾ ਆਸਟਰੇਲੀਆਈ ਸਰਕਾਰ ਦੇ ਸਿਹਤ ਅਤੇ ਬਜ਼ੁਰਗ ਦੇਖਭਾਲ ਵਿਭਾਗ (ਡਿਪਾਰਟਮੈਂਟ) ਦੀ ਤਰਫੋਂ ਕਰਵਾਇਆ ਗਿਆ ਸੀ।

ਇਹ ਆਰਥਿਕ ਸਹਿਕਾਰਤਾ ਅਤੇ ਵਿਕਾਸ ਸੰਗਠਨ (OECD) ਦੀ ਅਗਵਾਈ ਵਿੱਚ ਇੱਕ ਅੰਤਰਰਾਸ਼ਟਰੀ ਸਰਵੇਖਣ ਦਾ ਹਿੱਸਾ ਹੈ। ਪ੍ਰਮੁੱਖ ਜਾਂਚਕਰਤਾ ਹਨ Andrew Lenihan (ORIMA), Catherine Katz (ਕਮਿਸ਼ਨ) ਅਤੇ Vannary Sar (ਕਮਿਸ਼ਨ)।

AUSTRALIAN COMMISSION ON SAFETY AND QUALITY IN HEALTH CARE

Australian Government
Department of Health and Aged Care

# PaRIS Health Survey

## ਤੁਹਾਨੂੰ ਮੇਰੀ ਸੰਪਰਕ ਜਾਣਕਾਰੀ ਕਿਵੇਂ ਮਿਲੀ?

**ਤੁਹਾਡੇ ਜੀਪੀ ਪ੍ਰੈਕਟਿਸ** ਦੁਆਰਾ ਯੋਗ ਮਰੀਜ਼ਾਂ ਦੀ ਇੱਕ ਸੂਚੀ **ਤਿਆਰ ਕੀਤੀ** ਗਈ ਸੀ।

ਹੋ ਸਕਦਾ ਹੈ ਕਿ ਤੁਹਾਨੂੰ ਸਿੱਧੇ ਤੁਹਾਡੇ ਜੀਪੀ ਪ੍ਰੈਕਟਿਸ ਜਾਂ ORIMA ਤੋਂ ਸਰਵੇਖਣ ਕਰਨ ਦਾ ਸੱਦਾ ਮਿਲਿਆ ਹੋਵੇ। ORIMA ਤੁਹਾਡੇ ਸੰਪਰਕ ਵੇਰਵਿਆਂ ਨੂੰ **ਨਿਜੀ ਅਤੇ ਗੁਪਤ** ਰੱਖੇਗਾ ਅਤੇ ਸਿਰਫ਼ ਪੈਰਿਸ ਸਰਵੇਖਣ ਬਾਰੇ ਤੁਹਾਡੇ ਨਾਲ ਸੰਚਾਰ ਕਰੇਗਾ।

ORIMA ਨੇ ਤੁਹਾਡੀ ਸਿਹਤ, ਕਲੀਨਿਕਲ ਸਥਿਤੀ, ਟੈਸਟ ਦੇ ਨਤੀਜਿਆਂ ਜਾਂ ਮਾਪਾਂ ਬਾਰੇ ਕੋਈ ਜਾਣਕਾਰੀ ਪ੍ਰਾਪਤ ਨਹੀਂ ਕੀਤੀ ਹੈ। ਸਰਵੇਖਣ ਪੂਰਾ ਹੋਣ ਤੋਂ ਬਾਅਦ, ORIMA ਤੁਹਾਡੇ ਸੰਪਰਕ ਵੇਰਵਿਆਂ ਨੂੰ ਆਪਣੇ ਰਿਕਾਰਡਾਂ ਤੋਂ ਹਟਾ ਦੇਵੇਗਾ। ਕਿਰਪਾ ਕਰਕੇ ਹੋਰ ਜਾਣਕਾਰੀ ਲਈ ORIMA ਦੀ ਗੋਪਨੀਯਤਾ ਨੀਤੀ ਵੇਖੋ:orima.com.au/privacy-policy/

ਜੇਕਰ ਤੁਸੀਂ ਇਸ ਸਰਵੇਖਣ ਬਾਰੇ ਰੀਮਾਈਂਡਰ ਪ੍ਰਾਪਤ ਨਹੀਂ ਕਰਨਾ ਚਾਹੁੰਦੇ ਹੋ, ਤਾਂ ਕਿਰਪਾ ਕਰਕੇ ਈਮੇਲ ਦੁਆਰਾ ORIMA ਨਾਲ ਸੰਪਰਕ ਕਰੋ
PaRISSurvey@orima.com ਤੇ ਜਾਂ 1800 806 950 ਤੇ ਕਾਲ ਕਰੋ।

ਜੇਕਰ ਤੁਹਾਡੇ ਕੋਈ ਸਵਾਲ ਜਾਂ ਸ਼ਿਕਾਇਤਾਂ ਹਨ, ਤਾਂ ਕਿਰਪਾ ਕਰਕੇ ORIMA (ਈਮੇਲ Tyler.Forrester@orima.comਜਾਂ ਟੈਲੀਫ਼ੋਨ 03 9526 9000) ਤੇ Tyler Forrester, ਗੋਪਨੀਯਤਾ ਅਤੇ ਨੈਤਿਕਤਾ ਪ੍ਰਬੰਧਕ ਨਾਲ ਸੰਪਰਕ ਕਰੋ।

## ਮੈਂ ਕਿਵੇਂ ਹਿੱਸਾ ਲੈ ਸਕਦਾ ਹਾਂ?

ਤੁਸੀਂ ਔਨਲਾਈਨ ਸਰਵੇਖਣ ਨੂੰ ਪੂਰਾ ਕਰਕੇ ਹਿੱਸਾ ਲੈ ਸਕਦੇ ਹੋ, ਜਾਂ ਤੁਸੀਂ ਕਾਗਜ਼ੀ ਸਰਵੇਖਣ ਲਈ ਬੇਨਤੀ ਪਾ ਸਕਦੇ ਹੋ। ਇਸ ਵਿੱਚ **ਲਗਭਗ 20-25 ਮਿੰਟ** ਲੱਗਣੇ ਚਾਹੀਦੇ ਹਨ। ਇਸ ਅਧਿਐਨ ਵਿੱਚ ਹਿੱਸਾ ਲੈਣਾ **ਸਵੈ-ਇੱਛਤ** ਹੈ - ਇਹ ਤੁਹਾਡੀ ਮਰਜ਼ੀ ਹੈ ਕਿ ਤੁਸੀਂ ਹਿੱਸਾ ਲੈਂਦੇ ਹੋ ਜਾਂ ਨਹੀਂ, ਅਤੇ ਤੁਹਾਡੇ ਫੈਸਲੇ ਨਾਲ ਤੁਹਾਡੇ ਜੀਪੀ ਤੋਂ ਤੁਹਾਨੂੰ ਮਿਲ ਰਹੀ ਦੇਖਭਾਲ ਪ੍ਰਭਾਵਿਤ ਨਹੀਂ ਹੋਵੇਗੀ।

ਜੇਕਰ ਤੁਸੀਂ ਹਿੱਸਾ ਲੈਂਦੇ ਹੋ, ਤਾਂ ਤੁਸੀਂ ਕਿਸੇ ਵੀ ਸਮੇਂ ਰੁਕ ਵੀ ਸਕਦੇ ਹੋ। ਤੁਸੀਂ ਉਹਨਾਂ ਸਵਾਲਾਂ ਨੂੰ ਵੀ ਛੱਡ ਸਕਦੇ ਹੋ ਜਿਹਨਾਂ ਦਾ ਜਵਾਬ ਤੁਸੀਂ
ਦੇਣਾ ਨਹੀਂ ਚਾਹੁੰਦੇ ਹੋ।

ਕੋਈ ਦੋਸਤ, ਦੇਖਭਾਲ ਕਰਨ ਵਾਲੇ ਜਾਂ ਰਿਸ਼ਤੇਦਾਰ ਸਰਵੇਖਣ ਨੂੰ ਪੂਰਾ ਕਰਨ ਵਿੱਚ ਤੁਹਾਡੀ ਮਦਦ ਕਰ ਸਕਦੇ ਹਨ, ਪਰ ਕਿਰਪਾ ਕਰਕੇ ਯਕੀਨੀ ਬਣਾਓ ਕਿ ਜਵਾਬ ਸਿਰਫ਼ ਤੁਹਾਡੇ ਅਨੁਭਵਾਂ ਬਾਰੇ ਹੀ ਹਨ।

AUSTRALIAN COMMISSION ON SAFETY AND QUALITY IN HEALTH CARE

Australian Government
Department of Health and Aged Care

# PaRIS Health Survey

## ਮੇਰੇ ਜਵਾਬਾਂ ਬਾਰੇ ਕੀ?

ਤੁਹਾਡੇ ਜਵਾਬਾਂ ਨੂੰ ਸਟੋਰ ਕੀਤਾ ਜਾਵੇਗਾ ਅਤੇ ਦੂਜੇ ਲੋਕਾਂ ਦੇ ਜਵਾਬਾਂ ਦੇ ਨਾਲ ਇਹਨਾਂ ਦਾ ਵਿਸ਼ਲੇਸ਼ਣ ਕੀਤਾ ਜਾਵੇਗਾ ਅਤੇ ਇਹਨਾਂ ਨੂੰ **ਤੁਹਾਡੇ ਨਾਮ ਜਾਂ ਸੰਪਰਕ ਵੇਰਵਿਆਂ ਨਾਲ ਜੋੜਿਆ ਨਹੀਂ ਜਾਵੇਗਾ।** ਤੁਹਾਡੇ ਵਿਅਕਤੀਗਤ ਜਵਾਬ ਤੁਹਾਡੇ ਜੀਪੀ ਨਾਲ ਸਾਂਝੇ ਨਹੀਂ ਕੀਤੇ ਜਾਣਗੇ।

**ਪਛਾਣ ਛੁਪਾਏ ਗਏ** ਸਰਵੇਖਣ ਦੇ ਜਵਾਬਾਂ ਨੂੰ ਕਮਿਸ਼ਨ, ਵਿਭਾਗ ਅਤੇ OECD ਦੇ ਖੋਜ ਸਮੂਹ ਨਾਲ ਸਾਂਝੇ ਕੀਤੇ ਜਾਣਗੇ ਜੋ ਅੰਤਰਰਾਸ਼ਟਰੀ ਪੱਧਰ ਤੇ ਪੈਰਿਸ ਸਰਵੇਖਣ ਦਾ ਪ੍ਰਬੰਧਨ ਕਰ ਰਹੇ ਹਨ। ਸਿਹਤ ਸੰਭਾਲ ਵਿੱਚ ਸੁਧਾਰ ਕਰਨ ਦੇ ਮੌਕਿਆਂ ਦੀ ਪਛਾਣ ਕਰਨ ਲਈ ਇਹਨਾਂ ਜਵਾਬਾਂ ਦਾ ਵਿਸ਼ਲੇਸ਼ਣ ਕੀਤਾ ਜਾਵੇਗਾ।

ਸਰਵੇਖਣ ਦੇ ਪੂਰਾ ਹੋਣ ਤੋਂ ਬਾਅਦ ਸਰਵੇਖਣ ਦੇ ਉੱਤਰਦਾਤਾਵਾਂ ਨੂੰ ਵੀ ਨਤੀਜਿਆਂ ਦਾ ਸਾਰ ਈਮੇਲ ਕੀਤਾ ਜਾਵੇਗਾ।

# PaRIS Health Survey

## ਭਾਗ ਲੈਣ ਦੇ ਜੋਖਮ ਅਤੇ ਲਾਭ ਕੀ ਹਨ?

ਇਹ ਖੋਜ ਤੁਹਾਨੂੰ ਤੁਹਾਡੇ ਦੁਆਰਾ ਪ੍ਰਾਪਤ ਕੀਤੀ ਜਾਣ ਵਾਲੀ ਸਿਹਤ ਦੇਖਭਾਲ ਬਾਰੇ **ਆਪਣੇ ਵਿਚਾਰ ਪੇਸ਼ ਕਰਨ ਦਾ ਇੱਕ ਮਹੱਤਵਪੂਰਨ ਮੌਕਾ ਪ੍ਰਦਾਨ ਕਰਦੀ ਹੈ।** ਇਸ ਖੋਜ ਤੋਂ ਪ੍ਰਾਪਤ ਜਾਣਕਾਰੀ ਦੀ ਵਰਤੋਂ ਆਸਟ੍ਰੇਲੀਆ ਅਤੇ ਦੁਨੀਆ ਭਰ ਵਿੱਚ ਸਿਹਤ ਸੰਭਾਲ ਨੂੰ ਬਿਹਤਰ ਬਣਾਉਣ ਦੇ ਮੌਕਿਆਂ ਦੀ ਪਛਾਣ ਕਰਨ ਲਈ ਕੀਤੀ ਜਾਵੇਗੀ।

ਇਸ ਸਰਵੇਖਣ ਵਿੱਚ ਹਿੱਸਾ ਲੈਣ ਦੇ ਨਾਲ ਘੱਟੋ ਘੱਟ ਜੋਖਮ ਜੁੜੇ ਹੋਏ ਹਨ।

ਇਹ ਯਕੀਨੀ ਬਣਾਉਣ ਲਈ ਕਿ ਤੁਹਾਡੀ ਗੋਪਨੀਯਤਾ ਸੁਰੱਖਿਅਤ ਹੈ ਪ੍ਰੋਟੋਕੋਲ ਦੀ ਪਾਲਣਾ ਕੀਤੀ ਜਾਵੇਗੀ। ਹੋਰ ਜਾਣਕਾਰੀ ਲਈ ORIMA ਦੀ ਗੋਪਨੀਯਤਾ ਨੀਤੀ ਵੇਖੋ:orima.com.au/privacy-policy/

ਸਰਵੇਖਣ ਵਿੱਚ **ਤੁਹਾਡੀ ਸਰੀਰਕ ਅਤੇ ਮਾਨਸਿਕ ਸਿਹਤ ਬਾਰੇ ਸਵਾਲ** ਸ਼ਾਮਲ ਹਨ, ਜੋ ਕੁਝ ਲੋਕਾਂ ਲਈ ਸੰਵੇਦਨਸ਼ੀਲ ਵਿਸ਼ੇ ਹੋ ਸਕਦੇ ਹਨ। ਤੁਸੀਂ ਕਿਸੇ ਵੀ ਅਜਿਹੇ ਸਵਾਲ ਨੂੰ ਛੱਡ ਸਕਦੇ ਹੋ ਜਿਸਦਾ ਜਵਾਬ ਦੇਣ ਵਿੱਚ ਤੁਸੀਂ ਅਰਾਮਦੇਹ ਮਹਿਸੂਸ ਨਹੀਂ ਕਰਦੇ ਹੋ। ਇਸ ਸਰਵੇਖਣ ਵਿੱਚ ਹਿੱਸਾ ਲੈਣਾ ਸਵੈਇੱਛਤ ਹੈ। ਜੇਕਰ ਕੋਈ ਚੀਜ਼ ਤੁਹਾਨੂੰ ਉਦਾਸ ਜਾਂ ਚਿੰਤਤ ਕਰਦੀ ਹੈ ਤਾਂ ਤੁਸੀਂ ਲਾਈਫਲਾਈਨ ਨੂੰ 13 11 14 ਤੇ ਕਾਲ ਕਰ ਸਕਦੇ ਹੋ ਜਾਂ ਲਾਈਵ ਚੈਟ lifeline.org.au/crisis-chat/ ਰਾਹੀਂ ਸਹਾਇਤਾ ਪ੍ਰਾਪਤ ਕਰ ਸਕਦੇ ਹੋ।

ORIMA ਰਿਸਰਚ ਹਿਊਮਨ ਰਿਸਰਚ ਐਥਿਕਸ ਕਮੇਟੀ ਨੇ ਸਮੀਖਿਆ ਕੀਤੀ ਹੈ ਅਤੇ ਮਨਜ਼ੂਰੀ ਦਿੱਤੀ ਹੈ ਇਸ ਖੋਜ ਦੀ, ਮਨੁੱਖੀ ਖੋਜ ਵਿੱਚ ਨੈਤਿਕ ਆਚਰਣ ਰਾਸ਼ਟਰੀ ਬਿਆਨ (2007) HREC ਸੰਦਰਭ ਨੰਬਰ: 0012023) ਦੇ ਅਧਾਰ ਤੇ ਇਹ ਬਿਆਨ ਉਹਨਾਂ ਲੋਕਾਂ ਦੇ ਹਿੱਤਾਂ ਦੀ ਰੱਖਿਆ ਲਈ ਤਿਆਰ ਕੀਤਾ ਗਿਆ ਹੈ ਜੋ ਮਨੁੱਖੀ ਖੋਜ ਅਧਿਐਨਾਂ ਵਿੱਚ ਹਿੱਸਾ ਲੈਣ ਲਈ ਸਹਿਮਤ ਹਨ।

**safetyandquality.gov.au**

© ਆਸਟਰੇਲੀਅਨ ਕਮਿਸ਼ਨ ਆਨ ਸੇਫਟੀ
ਐਂਡ ਕੁਆਲਿਟੀ ਇਨ ਹੈਲਥ ਕੇਅਰ 2023